(i) **Printed Pages : 4** **Roll No. ..............................**

(ii) **Questions : 6** **Sub. Code : 1 7 5 0 8**

**Exam. Code : 0 0 0 6**

**B.A./B.Sc. (General) 6th Semester**

**(2055)**

**PUNJABI**

**Paper : Elective**

**Time Allowed : Three Hours]** **[Maximum Marks : 90**

**ਨੋਟ :–** ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਪ੍ਰਸ਼ਨ ਨੰ. 3 ਅਤੇ 4 ਦੇ ਹੱਲ ਇੱਕੋ ਥਾਂ ਹੀ ਦਿੱਤੇ ਜਾਣ। ਪ੍ਰਸ਼ਨਾਂ ਦੇ ਉੱਤਰ ਅੰਕਾਂ ਨੂੰ ਸਾਹਮਣੇ ਰੱਖ ਕੇ ਦਿੱਤੇ ਜਾਣ।

1. ਕਿਸੇ **ਇੱਕ** ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਆ ਸਜਨਾ ਮੂੰਹ ਦਸ ਕਿਦਾਈਂ ਜਾਨ ਤੇਰੇ ਤੋਂ ਵਾਰੀ
ਤੂੰਹੇਂ ਜਾਨ ਈਮਾਨ ਦਿਲੇ ਦਾ ਤੁੱਧ ਬਿਨ ਮੈਂ ਕਿਸ ਕਾਰੀ
ਹੂਰਾਂ ਤੇ ਗਿਲਮਾਨ ਬਹਿਸ਼ਤੀ ਚਾਹੇ ਖ਼ਲਕਤ ਸਾਰੀ
ਤੇਰੇ ਬਾਜੂ ਮੁਹੰਮਦ ਮੈਨੂੰ ਨਾ ਕੋਈ ਚੀਜ਼ ਪਿਆਰੀ

**ਜਾਂ**

ਤੈਨੂੰ ਹਰ ਦਿਲ ਦਾ ਦਿਲਦਾਰ ਕਹੂੰ, ਤੈਨੂੰ ਅਹਮਦ ਆਲੀ ਸ਼ਾਨ ਕਹੂੰ।
ਤੈਨੂੰ ਸ਼ਾਹਦ ਮਲਕ ਹਜਾਜ ਕਹੂੰ, ਤੈਨੂੰ ਬਾਇਸ ਕੌਨ ਮਕਾਨ ਕਹੂੰ।
ਤੈਨੂੰ ਨਾਜ਼ ਕਹੂੰ ਅੰਦਾਜ਼ ਕਹੂੰ, ਤੈਨੂੰ ਹੂਰ ਪਰੀ ਗਲਮਾਨ ਕਹੂੰ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪਸ਼ਟ ਕਰੋ :

(ੳ) ਹੁਣ ਮੈਂ ਰਾਂਝਣ ਹੋਈ

(ਅ) ਕੀ ਦਿਲ ਦਾ ਹਾਲ ਸੁਨਾਵਾਂ ਮੈਂ। 10

2. (ੳ) ਕਿਸੇ **ਇੱਕ** ਦੀ ਸਾਹਿਤਕ ਆਲੋਚਨਾ ਕਰੋ :

ਸੂਰਾ ਸੋ ਸਾਲਾਹੀਏ, ਲੜੇ ਦੀਨ ਕੇ ਹੇਤ।

ਪੁਰਜ਼ਾ ਪੁਰਜ਼ਾ ਕਟ ਮਰੇ, ਕਬੀ ਨਾ ਹਾਰੇ ਖੇਤ।

ਚੌਪਈ ਅਬੀ ਸਮਝ ਕੁਛ ਬਿਗੜਾ ਨਾਹੀਂ।

ਜਾਨ ਬੂਝ ਕਿਉਂ ਬਣਾ ਗੁਨਾਹੀਂ।

ਛੋਡ ਨਿਕਾਰਣਾ ਬਣ ਸੂਰ।

ਸਭ ਬਦਨਾਮੀ ਚਕਨਾਚੂਰ।

ਜੇ ਤੁਮ ਸੂਰਬੀਰ ਨਰ ਹੋਤੇ।

ਇਸ ਹਾਲਤ ਪਰ ਨਹੀਂ ਖਲੋਤੇ।

ਗਰਦਨ ਹੋਇ ਬਲੰਦ ਉਚੇਰੀ।

ਮਾਨੋ ਨੇਕ ਨਸੀਹਤ ਮੇਰੀ।

**ਜਾਂ**

"ਓ ਪ੍ਰੀਤ! ਤੂੰ ਮੁਲਕ ਨਹੀਂ ਵੇਖਦੀ, ਕੌਮ ਨਹੀਂ ਵੇਖਦੀ, ਲਹੂ ਨਹੀਂ ਵੇਖਦੀ, ਉਮਰ ਨਹੀਂ ਵੇਖਦੀ, ਜਿੱਥੇ ਜੀ ਆਵੀ, ਜ਼ਿਦੇ ਨਾਲ ਜੀ ਆਵੀ, ਆਪਣੀਆਂ ਪੁਸ਼ਪ-ਕੜੀਆਂ ਨਾਲ ਤੂੰ ਕਸ ਦੇਨੀ ਏਂ।" 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਆਲੋਚਨਾ ਕਰੋ :

ਗੰਗਾਦੀਨ, ਹਰਿਮੰਦਰ ਮੁਸਕ੍ਰਾਉਂਦਾ ਹੈ। 10

3. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(i) ਮੀਆਂ ਮੁਹੰਮਦ ਬਖਸ਼ ਦਾ ਲਿਖਿਆ ਮੰਗਲਾਚਰਣ ਉਸਦੇ ਕਿਹੜੇ ਕਿੱਸੇ ਵਿੱਚੋਂ ਲਿਆ ਗਿਆ ਹੈ ?

(ii) ਬਾਗ ਬਹਾਰਾਂ ਦੋਹੜੇ ਦਾ ਭਾਵ-ਅਰਥ ਦੱਸੋ।

(iii) ਪੂਰਨ ਭਗਤ ਨੂੰ ਕਿੰਨੇ ਸਾਲ ਭੋਰੇ ਵਿੱਚ ਰੱਖਿਆ ਗਿਆ ? ਭੋਰੇ ਵਿੱਚੋਂ ਨਿੱਕਲਦਿਆਂ ਸਭ ਤੋਂ ਪਹਿਲਾਂ ਉਤ ਕਿਸਨੂੰ ਮਿਲਣ ਗਿਆ ?

(iv) ਰਾਣੀ ਸੁੰਦਰਾਂ ਨੇ ਪੂਰਨ ਭਗਤ ਨੂੰ ਭਿੱਛਿਆ ਦੇ ਤੌਰ 'ਤੇ ਕੀ ਦਿੱਤਾ ?

(v) ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਵਿੱਤਰ ਕਿਵੇਂ ਹੋ ਜਾਂਦੇ ਹਨ ?

(vi) 'ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ' ਅਤੇ 'ਜਿੰਨਾ ਪੱਟ ਅੰਦਰ ਗੁੱਦੜ ਬਾਹਰ' ਦਾ ਭਾਵ ਖੋਲ੍ਹ ਕੇ ਲਿਖੋ।

(vii) ਜੁੱਤੀਆਂ ਦੇ ਪ੍ਰਸੰਗ ਵਿੱਚ ਜੁੱਤੀਆਂ ਦੀ ਬਾਰਸ਼, ਅਨਪੜ੍ਹ ਚਰਨਦਾਸੀ, ਪਾਦਤਰਾਣ ਤੇ ਚਾਂਦੀ ਦੀ ਜੁੱਤੀ ਦੇ ਕੀ ਭਾਵ ਹਨ ?

(viii) 'ਕੁੱਤਿਆਂ ਦੀ ਲੜਾਈ' ਨਿਬੰਧ ਦਾ ਵਿਸ਼ਾ ਦੱਸੋ। $2\times5=10$

4. ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਮੀਆਂ ਮੁਹੰਮਦ ਬਖਸ਼ ਦੀ ਇੱਕ ਕਿੱਸਾਕਵੀ ਦੇ ਤੌਰ 'ਤੇ ਦੇਣ ਬਾਰੇ ਦੱਸੋ।

(ii) ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦੀਆਂ ਕਾਵਿਕ ਵਿਸ਼ੇਸ਼ਤਾਈਆਂ ਬਾਰੇ ਦੱਸੋ।

(iii) ਖਵਾਜਾ ਗੁਲਾਮ ਫ਼ਰੀਦ ਦੀਆਂ ਕਾਫ਼ੀਆਂ ਦੀ ਗਿਣਤੀ ਦੱਸੋ। ਉਸਦੀਆਂ ਕਾਫ਼ੀਆਂ ਦੀਆਂ ਦੋ ਵਿਸ਼ੇਸ਼ਤਾਈਆਂ ਦੱਸੋ।

(iv) 1850 ਤੋਂ 1900 ਈ. ਤੱਕ ਦੇ ਸੂਫੀ ਕਵੀਆਂ ਦੇ ਨਾਂ ਲਿਖੋ।

(v) 1850 ਤੋਂ 1900 ਈ. ਤੱਕ ਕਿਹੜੀਆਂ ਕਾਵਿ-ਧਾਰਾਵਾਂ ਪ੍ਰਚਲਤ ਰਹੀਆਂ ?

(vi) ਖ਼ਵਾਜਾ ਗੁਲਾਮ ਫ਼ਰੀਦ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਵਜੀਦ, ਹਾਸ਼ਮ, ਸ਼ਾਹ ਹੁਸੈਨ ਨੂੰ ਕਾਲ ਕ੍ਰਮ ਅਨੁਸਾਰ ਲਿਖੋ। 5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

ਅਰਸਤੂ ਦਾ ਅਨੁਕਰਨ ਸਿਧਾਂਤ, ਮਾਰਕਸਵਾਦ। 10

6. ਕਿਸੇ **ਇੱਕ** ਸੰਕਲਪ ਬਾਰੇ ਚਰਚਾ ਕਰੋ :

ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਖੇਤਰ।

**ਜਾਂ**

ਭਾਸ਼ਾ ਵਿਗਿਆਨ ਦੇ ਸਮਾਜ ਵਿਗਿਆਨ ਨਾਲ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ। 10